بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 20.12.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਮਨਮੋਹਕ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 20 ਦਸੰਬਰ 2019 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਬਰਤਾਨੀਆ) ਵਿੱਚ ਦਿਤੱਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਸਹਾਬਾ ਦੇ ਜ਼ਿਕਰ ਵਿੱਚ ਹਜ਼ਰਤ ਅਤਬਾ ਬਿਨ ਗ਼ਜ਼ਵਾਨ ਦਾ ਵਰਨਣ ਚਲ ਰਿਹਾ ਸੀ ਇਸ ਬਾਰੇ ਕੁਝ ਹੋਰ ਗਲੱਾਂ ਹਨ ਜੋ ਹੁਣ ਵਰਨਣ ਕਰਾਂਗਾ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਸਨ 2 ਹਿਜਰੀ ਵਿੱਚ ਆਪਣੀ ਭੂਆ ਵੱਲੋਂ ਭਰਾ ਹਜ਼ਰਤ ਅਬਦੁਲੱਾਹ ਬਿਨ ਹਜਸ਼ ਦੀ ਪ੍ਰਧਾਨਗੀ ਵਿੱਚ ਇਕ ਜਥੱਾ ਨਖ਼ਲਾ ਵੱਲ ਭੇਜਿਆ । ਹਜ਼ਰਤ ਅਤਬਾ ਵੀ ਇਸ ਜੱਥੇ ਵਿੱਚ ਸ਼ਾਮਲ ਸਨ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹ ਨਿਸ਼ਚਾ ਕੀਤਾ ਕਿ ਕੁਰੈਸ਼ ਦੀਆਂ ਹਰਕਤਾਂ ਤੇ ਕਿਰਿਆਵਾਂ ਦੀ ਬਹੁਤ ਨੇੜੇ ਹੋਕੇ ਜਾਣਕਾਰੀ ਪ੍ਰਾਪਤ ਕੀਤੀ ਜਾਏ ਤਾਂ ਜੋ ਇਸ ਸੰਬੰਧੀ ਹਰ ਪ੍ਰਕਾਰ ਦੀ ਲੋੜ ਸਮੇਂ ਸਿਰ ਪ੍ਰਾਪਤ ਹੋਵੇ ਅਤੇ ਮਦੀਨਾ ਹਰ ਪ੍ਰਕਾਰ ਦੇ ਅਚਨਚੇਤ ਹਮਲੇ ਤੋਂ ਸੁਰੱਖਿਅਤ ਰਹੇ । ਸੋ, ਇਸ ਉਦੇਸ਼ ਲਈ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਅੱਠ ਮੁਹਾਜਰਾਂ ਦੀ ਇਕ ਪਾਰਟੀ ਤਿਆਰ ਕੀਤੀ ਅਤੇ ਉਚਿਤ ਜਾਣਦਿਆਂ ਹੋਇਆਂ ਪਾਰਟੀ ਵਿੱਚ ਅਜਿਹੇ ਵਿਅਕਤੀਆਂ ਨੂੰ ਰੱਖਿਆ ਜੋ ਕੁਰੈਸ਼ ਦੇ ਵੱਖ ਵੱਖ ਕਬੀਲਿਆਂ ਨਾਲ ਸੰਬੰਧ ਰਖੱਦੇ ਸਨ ਤਾਂ ਜੋ ਕੁਰੈਸ਼ਾਂ ਦੇ ਗੁਪਤ ਇਰਾਦਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿੱਚ ਅਸਾਨੀ ਹੋਵੇ ਅਤੇ ਇਸ ਪਾਰਟੀ'ਤੇ ਆਪ ਨੇ ਆਪਣੀ ਭੂਆ ਵੱਲੋਂ ਭਰਾ ਅਬਦੁਲੱਾਹ ਬਿਨ ਹਜਸ਼ ਨੂੰ ਪ੍ਰਧਾਨ ਬਣਾਇਆ । ਆਪ ਸਲਲੱਾਹੁ ਅਲੈਹਿ ਵਸਲਮ ਨੇ ਇਸ ਜੱਥੇ ਨੂੰ ਰਵਾਨਾ ਕਰਦਿਆਂ ਹੋਇਆਂ ਇਹ ਨਹੀਂ ਦੱਸਿਆ ਕਿ ਤੁਹਾਨੂੰ ਕਿੱਥੇ ਤੇ ਕਿਹੜੇ ਉਦੇਸ਼ ਲਈ ਭੇਜਿਆ ਜਾ ਰਿਹਾ ਹੈ । ਚਲਦਿਆਂ ਹੋਇਆਂ ਇਕ ਬੰਦ ਪਤੱਰ ਇਹਨਾ ਦੇ ਹੱਥ ਦੇ ਦਿਤੱਾ ਅਤੇ ਫ਼ਰਮਾਇਆ ਕਿ ਇਸ ਪਤੱਰ ਵਿੱਚ ਤੁਹਾਡੇ ਲਈ ਨਿਰਦੇਸ਼ ਹਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਜੱਦ ਮਦੀਨੇ ਤੋਂ ਦੋ ਦਿਨ ਦਾ ਸਫ਼ਰ ਤੈਅ ਕਰ ਲਓ, ਫਿਰ ਇਸ ਪਤੱਰ ਨੂੰ ਖੋਲਕੇ ਇਸਦੇ ਨਿਦੇਸ਼ਾਂ ਅਨੁਸਾਰ ਕੰਮ ਕਰਨਾ । ਜੱਦ ਦੋ ਦਿਨਾ ਦਾ ਸਫ਼ਰ ਤੈਅ ਕਰ ਲਿਆ ਦਾਂ ਅਬਦੁਲੱਾਹ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦ ਫ਼ਰਮਾਨ ਅਨੁਸਾਰ ਖੋਲਕੇ ਦੇਖਿਆ ਤਾਂ ਇਸ ਵਿੱਚ ਇਹ ਸ਼ਬਦ ਦਰਜ ਸਨ ਕਿ ਤੁਸੀਂ

ਮੱਕੇ ਤੇ ਤਾਇਫ਼ ਵਿਚਕਾਰ ਵਾਦੀ ਨਖ਼ਲਾ ਵਿੱਚ ਜਾਓ ਅਤੇ ਓਥੇ ਜਾਕੇ ਕੁਰੈਸ਼ਾਂ ਦੇ ਹਾਲਾਤ ਪਤਾ ਕਰੋ ਅਤੇ ਫਿਰ ਸਾਨੂੰ ਸੂਚਨਾ ਦਿਓ । ਇਸ ਦੇ ਬਾਦ ਇਹ ਪਾਰਟੀ ਨਖ਼ਲਾ ਵੱਲ ਰਵਾਨਾ ਹੋਈ । ਮਾਰਗ ਵਿੱਚ ਸਅਦ ਬਿਨ ਅਬੀ ਵਕਾਸ ਅਤੇ ਅਤਬਾ ਬਿਨ ਗ਼ਜ਼ਵਾਨ ਦਾ ਉਠ ਗੁਆਚ ਗਿਆ ਅਤੇ ਉਹ ਇਸ ਦੀ ਭਾਲ ਵਿੱਚ ਆਪਣੇ ਸਾਥੀਆਂ ਤੋਂ ਵਿਛੜ ਗਏ ਅਤੇ ਬਹੁਤ ਢੂੰਡਣ ਦੇ ਬਾਦ ਵੀ ਆਪਣੇ ਸਾਥੀਆਂ ਨੂੰ ਨ ਮਿਲ ਸਕੇ ਅਤੇ ਹੁਣ ਇਹ ਪਾਰਟੀ ਛੇ ਵਿਅਕਤੀਆਂ ਦੀ ਰਹਿ ਗਈ ।

ਮੁਸਲਮਾਨਾ ਦੀ ਇਹ ਛੋਟੀ ਜਿਹੀ ਪਾਰਟੀ ਨਖ਼ਲਾ ਪਹੁੰਚੀ ਅਤੇ ਆਪਣੇ ਕੰਮ ਵਿੱਚ ਲੀਨ ਹੋ ਗਈ ਅਤੇ ਇਹਨਾ ਵਿੱਚੋਂ ਕਈਆਂ ਨੇ ਭੇਦ ਗੁਪਤ ਰਹਿਣ ਦੇ ਵਿਚਾਰ ਨਾਲ ਸਿਰ ਦੇ ਵਾਲ ਵੀ ਮੁਨਾ ਦਿੱਤੇ ਤਾਂ ਜੋ ਮਾਰਗ ਦੇ ਲੋਕ ਇਹਨਾ ਨੂੰ ਉਮਰੇ ਦੇ ਵਿਚਾਰ ਨਾਲ ਆਏ ਲੋਕ ਸਮਝਕੇ ਕਿਸੇ ਪ੍ਰਕਾਰ ਦੀ ਸ਼ੰਕਾ ਨ ਕਰਨ, ਪਰ ਇਕ ਦਿਨ ਅਚਨਚੇਤ ਉੱਥੇ ਕੁਰੈਸ਼ ਦਾ ਇਕ ਛੋਟਾ ਜਿਹਾ ਜਥੱਾ ਵੀ ਆਣ ਪਹੁੰਚਿਆ ਜੋ ਤਾਇਫ਼ ਤੋਂ ਮੱਕੇ ਵੱਲ ਜਾ ਰਿਹਾ ਸੀ । ਦੋਵੇਂ ਪਾਰਟੀਆਂ ਇਕ ਦੂਜੇ ਦੇ ਸਹਮਣੇ ਹੋ ਗਈਆਂ । ਮੁਚਸਲਮਾਨਾ ਨੇ ਆਪੋ ਵਿੱਚ ਮਸ਼ਵਰਾ ਕੀਤਾ ਕਿ ਹੁਣ ਕੀ ਕਰਨਾ ਚਾਹੀਦਾ ਹੈ । ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਨੂੰ ਗੁਪਤ ਰੂਪ ਵਿੱਚ ਖ਼ਬਰਾਂ ਭੇਜਣ ਲਈ ਭੇਜਿਆ ਸੀ ਨ ਕਿ ਕਿਸੇ ਹਮਲੇ ਲਈ ਭੇਜਿਆ ਸੀ । ਹੁਣ ਦੋਵੇਂ ਜੱਥੇ ਇਕ ਦੂਜੇ ਦੇ ਸਾਹਮਣੇ ਸਨ ਅਤੇ ਫਿਰ ਸੁਭਾਵਕ ਇਹ ਵੀ ਅਨੁਮਾਨ ਸੀ ਕਿ ਹੁਣ ਕੁਰੈਸ਼ ਦੇ ਜੱਥੇ ਵਾਲਿਆਂ ਨੇ ਦੇਖ ਲਿਆ ਹੈ, ਇਸ ਦੇ ਭੇਦ ਵੀ ਗੁਪਤ ਨਹੀਂ ਰਹਿ ਸਕਦਾ । ਇਕ ਔਕੜ ਇਹ ਸੀ ਕਿ ਕਈ ਮੁਸਲਮਾਨਾ ਨੂੰ ਇਹ ਵਿਚਾਰ ਸੀ ਕਿ ਸੰਭਵਤਾ ਰਜਬ ਅਰਥਾਤ ਸ਼ਹਿਰੇ ਹਰਾਮ ਦਾ ਅੰਤ ਹੈ ਜਿਸ ਵਿੱਚ ਅਰਬ ਦੇ ਪੁਰਾਤਨ ਦਸਤੂਰ ਅਨੁਸਾਰ ਲੜਾਈ ਨਹੀਂ ਹੋਣੀ ਚਾਹੀਦੀ । ਦੂਜੇ ਪਾਸੇ ਨਖ਼ਲਾ ਦੀ ਵਾਦੀ ਐਨ ਹਰਮ ਦੇ ਖੇਤਰ ਦੀ ਹੱਦ ਵਿੱਚ ਵਾਪਰਦੀ ਸੀ ਅਤੇ ਇਹ ਸਪਸ਼ਟ ਸੀ ਕਿ ਜੇਕਰ ਅੱਜ ਹੀ ਕੋਈ ਫ਼ੈਸਲਾ ਨ ਹੋਇਆ ਤਾਂ ਕੱਲ ਨੂੰ ਇਹ ਜਥੱਾ ਹਰਮ ਦੇ ਖੇਤਰ ਵਿੱਚ ਦਾਖ਼ਲ ਹੋ ਜਾਏਗਾ ਜਿਸ ਦਾ ਅਦਬ ਜ਼ਰੂਰੀ ਹੋਵੇਗਾ । ਇਹਨਾ ਸਾਰੀਆਂ ਗਲੱਾਂ ਨੂੰ ਸੋਚਕੇ ਮੁਸਲਮਾਨਾ ਨੇ ਅਖ਼ੀਰ ਇਹ ਫ਼ੈਸਲਾ ਕੀਤਾ ਕਿ ਜੱਥੇ'ਤੇ ਹਮਲਾ ਕਰਕੇ ਜਾਂ ਤਾਂ ਜੱਥੇ ਵਾਲਿਆਂ ਨੂੰ ਕੈਦ ਕਰ ਲਿਆ ਜਾਵੇ ਜਾਂ ਮਾਰ ਦਿਤੱਾ ਜਾਵੇ । ਬਹਿਰਹਾਲ ਉਹਨਾ ਨੇ ਹਮਲਾ ਕਰ ਦਿਤੱਾ ਜਿਸ ਦੇ ਸਿੱਟੇ ਵਿੱਚ ਕਾਫ਼ਰਾਂ ਦਾ ਇਕ ਵਿਅਕਤੀ ਮਾਰਿਆ ਗਿਆ ਅਤੇ ਦੋ ਵਿਅਕਤੀ ਕੈਦ ਹੋ ਗਏ ਚੌਥਾ ਵਿਅਕਤੀ ਭਜੱਕੇ ਨਿਕਲ ਗਿਆ ਅਤੇ ਮੁਸਲਮਾਨ ਉਸਨੂੰ ਫੜ ਨ ਸਕੇ ਅਤੇ ਇਸ ਪ੍ਰਕਾਰ ਉਹਨਾ ਦੀ ਵਿਉਂਤ ਸਫ਼ਲ ਹੁੰਦਿਆਂ ਹੁੰਦਿਆਂ ਰਹਿ ਗਈ । ਇਸ ਦੇ ਬਾਦ ਮੁਸਲਮਾਨਾ ਨੇ ਜੱਥੇ ਦੇ ਮਾਲ ਉਪੱਰ ਕਬਜ਼ਾ ਕਰ ਲਿਆ, ਕਿਉਂਕਿ ਕੁਰੈਸ਼ ਦਾ ਇਕ ਵਿਅਕਤੀ ਬਚੱਕੇ ਨਿਕਲ ਗਿਆ ਸੀ ਅਤੇ ਯਕੀਨ ਸੀ ਕਿ ਇਸ ਲੜਾਈ ਦੀ ਖ਼ਬਰ ਛੇਤੀ ਹੀ ਮੱਕੇ ਪਹੁੰਚ ਜਾਏਗੀ, ਅਬਦੁਲੱਾਹ ਬਿਨ ਹਜਸ਼ ਅਤੇ ਉਹਨਾ ਦੇ ਸਾਥੀ ਮਾਲੇ ਗ਼ਨੀਮਤ ਲੈਕੇ ਛੇਤੀ ਛੇਤੀ ਮਦੀਨੇ ਵੱਲ ਵਾਪਸ ਪਰਤ ਆਏ । ਜੱਦ ਇਹ ਜਮਾਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਈ ਅਤੇ ਆਪ ਨੂੰ ਸਾਰੀ ਗੱਲ ਸੁਣਾਈ ਅਤੇ ਸਾਰੇ ਮਾਜਰੇ ਦੀ ਸੂਚਨਾ ਦਿੱਤੀ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਸਖ਼ਤ ਨਾਰਾਜ਼ ਹੋਏ ਅਤੇ ਫ਼ਰਮਾਇਆ ਕਿ ਮੈਂ ਤੁਹਾਨੂੰ ਸਨਮਾਨ ਵਾਲੇ ਸ਼ਹਿਰ ਵਿੱਚ ਲੜਨ ਦੀ ਆਗਿਆ ਨਹੀਂ ਦਿੱਤੀ ਸੀ ਅਤੇ ਆਪ ਨੇ ਗ਼ਨੀਮਤ ਦਾ ਮਾਲ ਲੈਂਣ ਤੋਂ ਵੀ ਇਨਕਾਰ ਕਰ ਦਿਤੱਾ । ਇਸ'ਤੇ ਅਬਦੁਲੱਾਹ ਅਤੇ ਇਹਨਾ ਦੇ ਸਾਥੀ ਬਹੁਤ ਪਛਤਾਏ ਅਤੇ ਉਹਨਾ ਨੇ ਇਹ ਵਿਚਾਰ ਕੀਤਾ ਕਿ ਹੁਣ ਅਸੀਂ ਰੱਬ ਅਤੇ ਉਸਦੇ ਰਸੂਲ ਦੀ ਨਰਾਜ਼ਗੀ ਦੇ ਸਬਬ ਹਲਾਕ ਹੋ ਗਏ। ਸਹਾਬਾ ਨੇ ਵੀ ਉਹਨਾ ਨੂੰ ਸਖ਼ਤ ਮਲਾਮਤ ਕੀਤੀ ਕਿ ਤੁਸੀਂ ਇਹ ਕੀ ਕੀਤਾ ।

ਦੂਜੇ ਪਾਸੇ ਕੁਰੈਸ਼ ਨੇ ਵੀ ਰੌਲ੍ਹਾ ਪਾਇਆ ਕਿ ਮੁਸਲਮਾਨਾ ਨੇ ਸਨਮਾਨ ਵਾਲੇ ਸ਼ਹਿਰ ਤੇ ਹੁਰਮਤ (ਸਨਮਾਨ) ਨੂੰ ਤੋੜਿਆ ਹੈ ਅਤੇ ਕਿਉਂਕਿ ਇਕ ਵਿਅਕਤੀ ਮਾਰਿਆ ਗਿਆ ਸੀ ਅਰਥਾਤ ਉਮਰੋ ਬਿਨ ਅਲਹਜ਼ਰੀ

ਉਹ ਇਕ ਰਈਸ ਵਿਅਕਤੀ ਸੀ ਅਤੇ ਫਿਰ ਉਹ ਮੱਕੇ ਦੀ ਰਈਸ ਅਤਬਾ ਬਿਨ ਰਬੀਅ ਦਾ ਮਿਤੱਰ ਵੀ ਸੀ । ਇਸ ਲਈ ਇਸ ਘਟਨਾ ਨੇ ਕੁਰੈਸ਼ਾ ਦੇ ਭਖਦੇ ਗੁੱਸੇ ਨੂੰ ਹੋਰ ਵੀ ਭੜਕਾਇਆ ਅਤੇ ਉਹਨਾ ਨੇ ਪਹਿਲਾਂ ਤੋਂ ਵੀ ਵਧੱਕੇ ਜੋਸ਼ ਨਾਲ ਮਦੀਨੇ ਉਪੱਰ ਚੜ੍ਹਾਈ ਦੀ ਤਿਆਰੀ ਸ਼ੁਰੂ ਕਰ ਦਿੱਤੀਆਂ । ਭਾਵ ਇਹ ਕਿ ਇਸ ਘਟਨਾ'ਤੇ ਮੁਸਲਮਾਨਾ ਤੇ ਕੁਫ਼ੱਾਰ ਵਿੱਚ ਬਹੁਤ ਗਲੱਾਂ ਹੋਈਆਂ ਅਤੇ ਅਖ਼ੀਰ ਕੁਰਆਨ ਕਰੀਮ ਵਿੱਚ ਇਹ ਆਇਤ ਨਾਜ਼ਲ ਹੋਈ, ਜਿਸਨੇ ਮੁਸਲਮਾਨਾ ਨੂੰ ਤਸੱਲੀ ਦਿੱਤੀ, ਉਹ ਆਇਤ ਇਹ ਹੈ :

يَسْـَٔلُوْنَكَ عَنِ الشَّهْرِ الْحَرَامِ قِتَالٍ فِيْهِ ؕ قُلْ قِتَالٌ فِيْهِ كَبِيْرٌ ؕ وَصَدٌّ عَنْ سَبِيْلِ اللّٰهِ وَكُفْرٌۢ بِهٖ وَالْمَسْجِدِ الْحَرَامِ ۗ وَاِخْرَاجُ اَهْلِهٖ مِنْهُ اَكْبَرُ
عِنْدَ اللّٰهِ ۚ وَالْفِتْنَةُ اَكْبَرُ مِنَ الْقَتْلِ ؕ وَلَا يَزَالُوْنَ يُقَاتِلُوْنَكُمْ حَتّٰى يَرُدُّوْكُمْ عَنْ دِيْنِكُمْ اِنِ اسْتَطَاعُوْا

ਅਰਥਾਤ ਲੋਕ ਤੈਥੋਂ ਪੁਛੱਦੇ ਹਨ ਕਿ ਸ਼ਹਿਰੇ ਹਰਾਮ (ਸਨਮਾਨ ਵਾਲੇ ਸ਼ਹਿਰ) ਵਿੱਚ ਲੜਨਾ ਕਿਹੋ ਜਿਹਾ ਹੈ? ਤੂੰ ਉਹਨਾਂ ਨੂੰ ਉਤੱਰ ਦੇ ਕਿ ਬੇਸ਼ਕ ਸਨਮਾਨ ਵਾਲੇ ਸ਼ਹਿਰ ਵਿੱਚ ਲੜਨਾ ਬਹੁਤ ਭੈੜੀ ਗੱਲ ਹੈ, ਪਰ ਸਨਮਾਨਯੋਗ ਸ਼ਹਿਰ ਵਿੱਚ ਰੱਬ ਦੇ ਦੀਨ ਤੋਂ ਲੋਕਾਂ ਨੂੰ ਜਬਰਨ ਰੋਕਣਾ ਸਗੋਂ ਸਨਮਾਨਯੋਗ ਸ਼ਹਿਰ ਅਤੇ ਸਨਮਾਨਯੋਗ ਮਸਜਿਦ ਦੋਹਾਂ ਦਾ ਇਨਕਾਰ ਕਰਨਾ ਅਰਥਾਤ ਉਹਨਾ ਦੇ ਸਨਮਾਨ ਨੂੰ ਤੋੜਨਾ ਅਤੇ 'ਹਰਮ' ਦੇ ਖੇਤਰ ਵਿੱਚ ਉਸਦੇ ਵਸਨੀਕਾਂ ਨੂੰ ਧੱਕੇ ਨਾਲ ਬਾਹਰ ਕਢੱਣਾ ਜਿਵੇਂ ਕਿ ਹੇ ਮੁਸ਼ਰਿਕੋ ਤੁਸੀ ਲੋਕ ਕਰ ਰਹੇ ਹੋ ਇਹ ਸਾਰੀਆਂ ਗਲੱਾਂ ਰੱਬ ਨੇੜੇ ਸਨਮਾਨਯੋਗ ਸ਼ਹਿਰ ਵਿੱਚ ਲੜਨ ਬਾਰੇ ਹੋਰ ਵੀ ਬਹੁਤੀਆਂ ਭੈੜੀਆਂ ਹਨ ਅਤੇ ਨਿਸਚੇ ਹੀ ਸਨਮਾਨਯੋਗ ਸ਼ਹਿਰ ਵਿੱਚ ਦੇਸ਼ ਦੇ ਅੰਦਰ ਝਗੜਾ ਫਸਾਦ ਪੈਦਾ ਕਰਨਾ ਉਸ ਕਤਲ ਤੋਂ ਵੀ ਭੈੜਾ ਹੈ ਜੋ ਫ਼ਿਤਨੇ ਨੂੰ ਰੋਕਣ ਲਈ ਕੀਤਾ ਜਾਵੇ ਅਤੇ ਹੇ ਮੁਸਲਮਾਨੋ ਕੁਫ਼ੱਾਰ ਦਾ ਤਾਂ ਇਹ ਹਾਲ ਹੈ ਕਿ ਉਹ ਤੁਹਾਡੀ ਦੁਸ਼ਮਣੀ ਵਿੱਚ ਐਨ੍ਹੇ ਅੰਨ੍ਹੇ ਹੋ ਰਹੇ ਹਨ ਕਿ ਕਿਸੇ ਸਮੇਂ ਤੇ ਕਿਸੇ ਥਾਂ ਵੀ ਉਹ ਤੁਹਾਡੇ ਨਾਲ ਲੜਨ ਤੋਂ ਬਾਜ਼ ਨਹੀਂ ਰਹਿਣਗੇ । ਅਤੇ ਉਹ ਆਪਣੀ ਇਹ ਲੜਾਈ ਜਾਰੀ ਰਖੱਣਗੇ । ਇੱਥੋਂ ਤੱਕ ਕਿ ਤੁਹਾਨੂੰ ਤੁਹਾਡੇ ਧਰਮ ਤੋਂ ਫੇਰ ਦੇਣ ਬਸ਼ਰਤੇ ਕਿ ਉਹ ਇਸ ਦਾ ਬੱਲ ਰਖੱਣ ।

ਸੋ, ਰੱਬ ਦੇ ਇਸ ਉਤੱਰ ਨਾਲ ਮੁਸਲਮਾਨਾ ਦੀ ਤਸੱਲੀ ਤਾਂ ਹੋਣੀ ਹੀ ਸੀ ਕੁਰੈਸ਼ ਵੀ ਕੁਝ ਠੰਡੇ ਪੈ ਗਏ ਅਤੇ ਇਨ ਕਾਲ ਵਿੱਚ ਉਹਨਾ ਦੇ ਲੋਕ ਵੀ ਆਪਣੇ ਦੋ ਕੈਦੀਆਂ ਨੂੰ ਛੁਡਾਉਣ ਲਈ ਮਦੀਨੇ ਪਹੁੰਚ ਗਏ । ਪਰੰਤੂ ਹੁਣ ਤੱਕ ਸਅਦ ਬਿਨ ਅਬੀ ਵਕਾਸ ਅਤੇ ਅਤਬਾ ਬਿਨ ਗ਼ਜ਼ਵਾਨ ਵਾਪਸ ਨਹੀਂ ਪਰਤੇ ਸਨ, ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਇਹਨਾ ਬਾਰੇ ਖ਼ਦਸ਼ਾ ਸੀ ਕਿ ਜੇਕਰ ਉਹ ਕੁਰੈਸ਼ਾਂ ਦੇ ਹੱਥ ਪੈ ਗਏ ਤਾਂ ਕੁਰੈਸ਼ ਉਹਨਾ ਨੂੰ ਜੀਉਂਦਾ ਨਹੀਂ ਛਡੱਣਗੇ । ਇਸ ਲਈ ਆਪ ਸਲਲੱਾਹੁ ਅਲੈਹਿ ਵਸਲਮ ਨੇ ਉਹਨਾ ਦੀ ਵਾਪਸੀ ਤੱਕ ਕੈਦੀਆਂ ਨੂੰ ਛਡੱਣ ਤੋਂ ਇਨਕਾਰ ਕਰ ਦਿਤੱਾ ਅਤੇ ਫ਼ਰਮਾਇਆ ਕਿ ਮੇਰੇ ਆਦਮੀ ਖ਼ੈਰੀਅਤ ਨਾਲ ਮਦੀਨੇ ਪਹੁੰਚ ਜਾਣਗੇ ਤਾਂ ਫਿਰ ਮੈਂ ਤੁਹਾਡੇ ਆਦਮੀਆਂ ਨੂੰ ਛੱਡ ਦਿਆਂਗਾ । ਸੋ, ਜੱਦ ਉਹ ਦੋਵੇਂ ਵਾਪਸ ਪਹੁੰਚ ਗਏ ਤਾਂ ਆਪ ਨੇ ਫ਼ਿਦੀਆ ਲੈਕੇ ਦੋਹਾਂ ਕੈਦੀਆਂ ਨੂੰ ਛੱਡ ਦਿਤੱਾ । ਪਰ ਇਹਨਾ ਦੋਹਾਂ ਕੈਦੀਆਂ ਵਿੱਚੋਂ ਇਕ ਵਿਅਕਤੀ ਉਪੱਰ ਮਦੀਨੇ ਠਹਿਰਨ ਸਮੇਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਚੰਗੇ ਆਚਰਣ ਅਤੇ ਇਸਲਾਮੀ ਸਿੱਖਿਆ ਦਾ ਐਨ੍ਹਾ ਪ੍ਰਭਾਵ ਪਿਆ ਕਿ ਉਸ ਨੇ ਅਜ਼ਾਦ ਹੋਕੇ ਵੀ ਵਾਪਸ ਜਾਣ ਤੋਂ ਇਨਕਾਰ ਕਰ ਦਿਤੱਾ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਹੱਥ'ਤੇ ਬੈਅਤ ਕਰਕੇ ਮੁਸਲਮਾਨ ਬਣਕੇ ਆਪ ਸਲਲੱਾਹੁ ਆਲੈਹਿ ਵਸਲਮ ਦੀ ਜਮਾਤ ਵਿੱਚ ਸ਼ਾਮਲ ਹੋ ਗਿਆ ਅਤੇ ਅੰਤ ਬੈਅਰੇ ਮਊਨਾ ਵਿੱਚ ਸ਼ਹੀਦ ਹੋਇਆ ।

ਹਜ਼ਰਤ ਅਤਬਾ ਬਿਨ ਗ਼ਜ਼ਵਾਨ ਨੂੰ ਬਦਰ ਦੀ ਜੰਗ ਅਤੇ ਬਾਦ ਦੀਆਂ ਸਾਰੀਆਂ ਜੰਗਾ ਵਿੱਚ ਰਸੂਲੁਲੱਾ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਣ ਦਾ ਮਾਣ ਪ੍ਰਾਪਤ ਹੋਇਆ । ਹਜ਼ਰਤ ਅਤਬਾ ਬਿਨ ਗ਼ਜ਼ਵਾਨ

ਰਸੂਲੁਲਾਹ ਸਲਲੱਾਹੁ ਅਲੈਹਿ ਵਸਲਮ ਦੇ ਮਾਹਰ ਤੀਰ ਅੰਦਾਜ਼ਾਂ ਵਿੱਚੋਂ ਸਨ । ਹਜ਼ਰਤ ਉਮਰ ਨੇ ਹਜ਼ਰਤ ਅਤਬਾ ਨੂੰ ਬਸਰਾ ਦੀ ਧਰਤੀ ਵੱਲ ਭੇਜਿਆ ਤਾਂ ਜੋ ਉਹ ਉਬੁਲਤਹ ਅਸਥਾਨ ਦੇ ਲੋਕਾਂ ਨਾਲ ਲੜਨ ਜੋ ਫ਼ਾਰਸ'ਚੋਂ ਸਨ । ਹਜ਼ਰਤ ਉਮਰ ਦੇ ਹਜ਼ਰਤ ਅਤਬਾ ਨੂੰ ਬਸਰਾ ਵੱਲ ਅੱਠ ਸੌ ਵਿਅਕਤੀਆਂ ਨਾਲ ਭੇਜਿਆ ਸੀ । ਬਾਦ ਵਿੱਚ ਹੋਰ ਵੀ ਮਦਦ ਪਹੁੰਚਾਈ । ਹਜ਼ਰਤ ਅਤਬਾ ਨੇ ਉਬੁਲਤਹ ਅਸਥਾਨ ਨੂੰ ਫ਼ਤਹ ਕੀਤਾ ਅਤੇ ਇਸ ਥਾਂ ਬਸਰਾ ਸ਼ਹਿਰ ਦੀ ਹੱਦਬੰਦੀ ਕੀਤੀ । ਆਪ ਪਹਿਲੇ ਵਿਅਕਤੀ ਹਨ ਜਿੰਨ੍ਹਾ ਨੇ ਬਸਰਾ ਸ਼ਹਿਰ ਨੂੰ ਬਣਾਇਆ ਅਤੇ ਉਸਨੂੰ ਵਸਾਇਆ । ਹਜ਼ਰਤ ਉਮਰ ਬਿਨ ਖ਼ਤਾਬ ਨੇ ਜੱਦ ਹਜ਼ਰਤ ਅਤਬਾ ਬਿਨ ਗ਼ਜ਼ਵਾਨ ਨੂੰ ਬਸਰੇ'ਤੇ ਵਾਲੀ ਨਿਯੁਕਤ ਕੀਤਾ ਤਾਂ ਖ਼ਰਬਾ ਅਸਥਾਨ'ਤੇ ਉਹ ਠਹਿਰੇ ਸਨ । ਹਜ਼ਰਤ ਅਤਬਾ ਨੇ ਹਜ਼ਰਤ ਉਮਰ ਦੇ ਨਾਂ ਪਤੱਰ ਵਿੱਚ ਲਿੱਖਿਆ ਕਿ ਮੁਸਲਮਾਨਾ ਲਈ ਇਕ ਅਜਿਹੀ ਥਾਂ ਔਖੀ ਹੈ ਜਿੱਥੇ ਉਹ ਸਰਦੀਆਂ ਦੀ ਰੁੱਤ ਲੰਘਾ ਸਕਣ ਅਤੇ ਜੰਗਾ ਤੋਂ ਵਾਪਸੀ ਸਮੇਂ ਠਹਿਰ ਸਕਣ । ਹਜ਼ਰਤ ਉਮਰ ਨੇ ਉਹਨਾ ਨੂੰ ਲਿੱਖਿਆ ਕਿ ਉਹਨਾ ਨੂੰ ਇਕ ਅਜਿਹੀ ਥਾਂ ਇਕਤੱਰ ਕਰੋ ਜਿੱਥੇ ਪਾਣੀ ਅਤੇ ਚਰਾਗਾਹ ਨੇੜੇ ਹੋਵੇ । ਇਸ'ਤੇ ਹਜ਼ਰਤ ਅਤਬਾ ਨੇ ਉਹਨਾ ਨੂੰ ਬਸਰਾ ਵਿੱਚ ਜਾ ਠਹਿਰਾਇਆ । ਹਜ਼ਰਤ ਅਤਬਾ ਹੱਜ ਕਰਨ ਲਈ ਨਿਕਲੇ ਅਤੇ ਮਜਾਸ਼ਾਅ ਬਿਨ ਵਸੂਦ ਨੂੰ ਆਪਣਾ ਉਤੱਰਾਧਿਕਾਰੀ ਬਣਾਇਆ ਅਤੇ ਉਸਨੂੰ ਫ਼ਰਾਤ ਵੱਲ ਕੂਚ ਕਰਨ ਦਾ ਹੁਕੁਮ ਦਿਤੱਾ ਅਤੇ ਹਜ਼ਰਤ ਮੁਗ਼ੀਰਾ ਬਿਨ ਸ਼ਿਅਬਾ ਨੂੰ ਹੁਕੁਮ ਦਿਤੱਾ ਕਿ ਉਹ ਨਮਾਜ਼ ਦੀ ਇਮਾਮਤ ਕੀਤਾ ਕਰਨ । ਜੱਦ ਹਜ਼ਰਤ ਅਤਬਾ ਹਜ਼ਰਤ ਉਮਰ ਕੋਲ ਪਹੁੰਚੇ ਤਾਂ ਉਹਨਾ ਨੇ ਬਸਰਾ ਵੀ ਵਲਾਇਤ (ਵਲੀ ਹੋਣ) ਤੋਂ ਇਸਤੀਫ਼ਾ ਦੇਣਾ ਚਾਹਿਆ, ਪਰ ਹਜ਼ਰਤ ਉਮਰ ਨੇ ਉਹਨਾ ਦਾ ਇਸਤੀਫ਼ਾ ਮੰਜ਼ੂਰ ਨਹੀਂ ਕੀਤਾ । ਇਸ'ਤੇ ਉਹਨਾਂ ਨੇ ਦੁਆ ਕੀਤੀ ਕਿ ਹੇ, ਅਲੱਾਹ ! ਮੈਂਨੂੰ ਹੁਣ ਇਸ ਸ਼ਹਿਰ ਵੱਲ ਮੁੜ ਨ ਪਰਤਾਉਂਣਾ । ਸੋ, ਉਹ ਆਪਣੀ ਸਵਾਰੀ ਤੋਂ ਡਿੱਗ ਪਏ ਅਤੇ 17 ਹਿਜਰੀ ਵਿੱਚ ਉਹਨਾ ਦੀ ਮੌਤ ਹੋ ਗਈ । ਹਜ਼ਰਤ ਅਤਬਾ ਦੀ ਵਫ਼ਾਤ ਦੇ ਬਾਦ ਉਹਨਾ ਦਾ ਇਕ ਗ਼ੁਲਾਮ ਸਵੈਦ ਹਜ਼ਰਤ ਅਤਬਾ ਦਾ ਸਮਾਨ ਤੇ ਤਰਕਾ ਹਜ਼ਰਤ ਉਮਰ ਕੋਲ ਲੈਕੇ ਆਇਆ । ਹਜ਼ਰਤ ਅਤਬਾਨੇ 57 ਸਾਲ ਦੀ ਉਮਰ ਭੋਗੀ ਅਤੇ ਉਹ ਲੰਮੇ ਕੱਦ ਦੇ ਤੇ ਸੁੰਦਰ ਵਿਅਕਤੀ ਸਨ ।

ਅਗਲੇ ਸਹਾਬੀ ਜਿੰਨ੍ਹਾ ਦਾ ਜ਼ਿਕਰ ਹੈ ਉਹਨਾ ਦਾ ਨਾਂ ਹਜ਼ਰਤ ਸਅਦ ਬਿਨ ਇਬਾਦਹ ਹੈ । ਆਪਦੀ ਗੋਤ ਅਬੂਸਾਬਤ ਸੀ । ਹਜ਼ਰਤ ਸਅਦ ਬਿਨ ਇਬਾਦਹ ਸਰਦਾਰ ਤੇ ਸਖ਼ੀ ਸਨ ਅਤੇ ਸਾਰੀਆਂ ਜੰਗਾਂ ਵਿੱਚ ਅੰਸਾਰ ਦਾ ਝੰਡਾ ਇਹਨਾ ਕੋਲ ਰਿਹਾ । ਆਪ ਅੰਸਾਰ ਵਿੱਚ ਰੁਹਬ ਵਾਲੇ ਜਾਗੀਰ ਤੇ ਰਿਆਸਤ ਵਾਲੇ ਸਨ ਇਹਨਾ ਦੀ ਸਰਦਾਰੀ ਨੂੰ ਇਹਨਾ ਦੀ ਕੌਮ ਸਵੀਕਾਰ ਕਰਦੀ ਸੀ । ਹਜ਼ਰਤ ਸਅਦ ਬਿਨ ਇਬਾਦਹ ਜਹਾਲਤ ਦੇ ਸਮੇਂ ਅਰਬੀ ਲਿਖੱਣਾ ਜਾਣਦੇ ਸਨ ਹਾਲਾਂਕਿ ਉਸ ਸਮੇਂ ਕਿਤਾਬਤ ਬਹੁਤ ਘੱਟ ਲੋਕ ਜਾਣਦੇ ਸਨ । ਉਹ ਤੈਰਾਕੀ ਤੇ ਕੀਰ ਅੰਦਾਜ਼ੀ ਵਿੱਚ ਬਹੁਤ ਮਹਾਰਤ ਰਖੱਦੇ ਸਨ ਅਤੇ ਇਹਨਾਂ ਚੀਜ਼ਾਂ ਵਿੱਚ ਜੋ ਮਹਾਰਤ ਰਖੱਦਾ ਸੀ ਉਸ ਨੂੰ ਕਾਮਲ ਕਿਹਾ ਜਾਂਦਾ ਸੀ । ਹਸ਼ਾਮ ਬਿਨ ਉਰਵਹ ਨੇ ਆਪਣੇ ਪਿਤਾ ਤੋਂ ਰਿਵਾਇਤ ਕੀਤੀ ਹੈ ਕਿ ਮੈਂ ਸਅਦ ਬਿਨ ਇਬਾਦਹ ਨੂੰ ਉਸ ਸਮੇਂ ਦੇਖਿਆ ਜੱਦ ਉਹ ਆਪਣੇ ਕਿਲੇ ਉਪੱਰ ਅਵਾਜ਼ ਦਿਆ ਕਰਦੇ ਸਨ ਕਿ ਜੋ ਵਿਅਕਤੀ ਚਰਬੀ ਜਾਂ ਮਾਸ ਪਸੰਦ ਕਰਦਾ ਹੈ ਉਹ ਸਅਦ ਬਿਨ ਇਬਾਦਹ ਕੋਲ ਆਏ । ਮੈਂ ਉਹਨਾ ਦੇ ਪੁਤੱਰ ਨੂੰ ਵੀ ਇਸੇ ਅਵਸਥਾ ਵਿੱਚ ਪਾਇਆ ਕਿ ਉਹ ਵੀ ਇਸੇ ਪ੍ਰਕਾਰ ਦਾਅਵਤ ਦਿਆ ਕਰਦਾ ਸੀ । ਹਜ਼ਰਤ ਸਅਦ ਬਿਨ ਇਬਾਦਹ ਨੇ ਬੈਅਤੇ ਉਕਬਾ ਸਾਨੀਆਂ ਦੇ ਮੌਕੇ'ਤੇ ਇਸਲਾਮ ਕੁਬੂਲ ਕੀਤਾ ਸੀ । ਸੀਰਤ ਖ਼ਾਤਮਨੱਬੀਯੀਨ ਵਿੱਚ ਇਸਦੇ ਹਾਲਾਤ ਇਸ ਪ੍ਰਾਕਾਰ ਬਿਆਨ ਹੋਏ ਹਨ ਕਿ 13 ਨਬਵੀ ਦੇ ਜ਼ੀਲਹੱਜਹ ਮਹੀਨੇ ਵਿੱਚ ਹੱਜ ਦੇ ਮੌਕੇ'ਤੇ ਓਸ ਤੇ ਖ਼ਜ਼ਰਜ ਦੇ ਕਈ ਵਿਅਕਤੀ ਮੱਕੇ ਵਿੱਚ ਆਏ ।

ਉਹਨਾਂ ਵਿੱਚ ਸਤੱਰ ਵਿਅਕਤੀ ਅਜਿਹੇ ਸ਼ਾਮਲ ਸਨ ਜੋ ਜਾਂ ਤਾਂ ਮੁਸਲਮਾਨ ਹੋ ਚੁਕੇ ਸਨ ਜਾਂ ਮੁਸਲਮਾਨ ਹੋਣਾ ਚਾਹੁੰਦੇ ਸਨ ।

ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਮਸਅਬ ਰਾਹੀਂ ਅੰਸਾਰ ਦੇ ਆਉਣ ਦੀ ਖ਼ਬਰ ਮਿਲ ਚੁੱਕੀ ਸੀ ਅਤੇ ਉਹਨਾ ਵਿੱਚੋਂ ਕਈ ਲੋਕ ਆਪ ਨਾਲ ਵਿਅਕਤੀਗੱਤ ਮੁਲਾਕਾਤ ਵੀ ਕਰ ਚੁਕੇ ਸਨ, ਪਰ ਕਿਉਂਕਿ ਇਸ ਮੌਕੇ'ਤੇ ਇਕ ਇਕੱਠ ਤੇ ਵਖੱਰੀ ਮੁਲਾਕਾਤ ਜ਼ਰੂਰੀ ਸੀ ਇਸ ਲਈ ਹੱਜ ਦੀਆਂ ਰੀਤੀਆਂ ਪੂਰੀਆਂ ਕਰਨ ਦੇ ਬਾਦ ਜ਼ਿਲਹੱਜ ਦੇ ਮਹੀਨੇ ਦੀ ਦਰਮਿਆਨੀ ਮਿਤੀ ਨਿਯੁਕਤ ਕੀਤੀ ਗਈ ਕਿ ਇਸ ਦਿਨ ਅੱਧੀ ਰਾਤ ਵੇਲੇ ਇਹ ਸਾਰੇ ਲੋਕ ਬੀਤੇ ਸਾਲ ਵਾਲੀ ਘਾਟੀ ਵਿੱਚ ਆਪਨੂੰ ਆਣਕੇ ਮਿਲਣ । ਸੋ, ਜੱਦ ਨੀਯਤ ਮੀਤੀ ਆਈ ਤਾਂ ਰਾਤ ਸਮੇਂ ਆਂਹਜ਼ਰਤ ਸਲਲੱਹੁ ਅਲੈਹਿ ਵਸਲੱਮ ਇਕੱਲੇ ਹੀ ਘਰੋਂ ਨਿਕਲੇ ਅਤੇ ਮਾਰਗ ਵਿੱਚੋਂ ਆਪਣੇ ਚਾਚਾ ਅਬੱਾਸ ਨੂੰ ਨਾਲ ਲਿਆ ਜੋ ਹੁਣ ਤੱਕ ਮੁਸ਼ਰਿਕ ਸਨ ਪਰ ਆਪ ਸਲਲੱਾਹੁ ਅਲੈਹਿ ਵਸਲੱਮ ਨਾਲ ਪ੍ਰੇਮ ਰਖੱਦੇ ਸਨ । ਫਿਰ ਦੋਵੇਂ ਉਸ ਘਾਟੀ ਵਿੱਚ ਪਹੁੰਚੇ । ਅੰਸਾਰ ਵੀ ਇਕ ਇਕ ਦੋ ਦੋ ਕਰਕੇ ਆਣ ਪਹੁੰਚੇ । ਸਭ ਤੋਂ ਪਹਿਲਾਂ ਅਬੱਾਸ ਨੇ ਗੱਲ ਅਰੰਭ ਕੀਤੀ ਕਿ ਹੇ ਖ਼ਜ਼ਰਜ ਦੇ ਲੋਕੋ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਆਪਣੇ ਪਰਿਵਾਰ ਵਿੱਚ ਇਕ ਸਨਮਾਨਯੋਗ ਤੇ ਪਿਆਰਾ ਵਿਅੱਕਤੀ ਹੈ। ਅਤੇ ਉਹ ਖਾਨਦਾਨ ਅੱਜ ਤੱਕ ਇਸ ਦੀ ਸੁਰੱਖਿਆ ਦਾ ਜ਼ਾਮਨ ਰਿਹਾ ਹੈ ਅਤੇ ਹਰ ਖ਼ਤਰੇ ਸਮੇਂ ਇਸ ਦੇ ਲਈ ਸੀਨਾ ਸਪਰ ਹੋਇਆ ਹੈ ਪਰ ਹੁਣ ਮੁਹਮੱਦ ਦਾ ਇਰਾਦਾ ਆਪਣਾ ਵਤਨ ਛਡੱਕੇ ਤੁਹਾਡੇ ਕੋਲ ਜਾਣ ਦਾ ਹੈ । ਸੋ, ਜੇਕਰ ਤੁਸੀਂ ਇਸ ਕੰਮ ਲਈ ਤਿਆਰ ਹੋ ਤਾਂ ਚੰਗੀ ਗੱਲ ਹੈ ਵਰਨਾ ਹੁਣੇ ਹੀ ਸਾਫ਼ ਸਾਫ਼ ਉਤੱਰ ਦੇ ਦਿਓ ਕਿਉਂਕਿ ਸ਼ਾਫ਼ ਸਾਫ਼ ਗੱਲ ਚੰਗੀ ਹੁੰਦੀ ਹੈ । ਅਲਬਰਾਅ ਬਿਨ ਮਾਅਰੂਰ ਜੋ ਅੰਸਾਰ ਦੇ ਕਬੀਲੇ ਦੇ ਪ੍ਰਭਾਵਪੂਰਨ ਬਜ਼ੁਰਗ ਸਨ, ਉਹਨਾ ਨੇ ਕਿਹਾ ਕਿ ਅਬਾਸ ਅਸੀਂ ਤੁਹਾਡੀਆਂ ਗੱਲਾਂ ਸੁਣ ਲਈਆਂ ਹਨ ਪਰ ਅਸੀਂ ਚਾਹੁੰਦੇ ਹਾਂ ਕਿ ਰਸੂਲੁਲੱਾਹ ਆਪ ਵੀ ਆਪਣੇ ਮੂੰਹ ਨਾਲ ਕੁਝ ਫ਼ਰਮਾਉਣ ਅਤੇ ਜੋ ਜ਼ਿੱਮੇਦਾਰੀ ਸਾਡੇ ਉਪੱਰ ਪਾਉਂਣਾ ਚਾਹੁਣ ਉਹ ਬਿਆਨ ਕਰਨ। ਇਸ'ਤੇ ਆਂਹਜ਼ਰਤ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਕੁਰਆਨ ਸ਼ਰੀਫ਼ ਦੀਆਂ ਕੁਝ ਆਇਤਾਂ ਪੜ੍ਹੀਆਂ ਅਤੇ ਫਿਰ ਇਕ ਸੰਖੇਪ ਜਿਹੇ ਭਾਸ਼ਣ ਵਿੱਚ ਇਸਲਾਮ ਦੀ ਸਿੱਖਿਆ ਬਿਆਨ ਕੀਤੀ ਅਤੇ ਹਕੂਕੁਲੱਾਹ ਤੇ ਹਕੂਕੁਲ ਇਬਾਦ ਦੀ ਵਿਆਖਿਆ ਕਰਦਿਆਂ ਹੋਇਆਂ ਫ਼ਰਮਇਆ ਕਿ ਮੈਂ ਆਪਣੇ ਲਈ ਕੇਵਲ ਐਨ੍ਹਾ ਚਾਹੁੰਦਾ ਹਾਂ ਕਿ ਜਿਵੇਂ ਤੁਸੀਂ ਆਪਣੇ ਸਾਕਾਂ ਤੇ ਮਿਤੱਰ ਦੀ ਸੁਰੱਖਿਆ ਕਰਦੇ ਹੋ ਉਸੇ ਪ੍ਰਕਾਰ ਜੇਕਰ ਲੋੜ ਪਏ ਤਾਂ ਮੇਰੇ ਨਾਲ ਵੀ ਮਾਮਲਾ ਕਰੋ । ਜੱਦ ਆਪ ਭਾਸ਼ਣ ਖ਼ਤਮ ਕਰ ਚੁਕੇ ਤਾਂ ਅਲਬਰਾਅ ਬਿਨ ਮਾਰੂਰ ਦੇ ਅਰਬ ਦੇ ਦਸਤੂਰ ਅਨੁਸਾਰ ਆਪ ਸਲਲੱਾਹੁ ਅਲੈਹਿ ਵਸਲਮ ਦਾ ਹੱਥ ਆਪਣੇ ਹੱਥ ਵਿੱਚ ਲੈਕੇ ਕਿਹਾ ਹੇ, ਰਸੂਲੁਲੱਾਹ ! ਸਾਨੂੰ ਉਸ ਰੱਬ ਦੀ ਸਹੁੰ ਹੈ ਜਿਸੇ ਨੇ ਆਪ ਨੂੰ ਸਚੱਾਈ ਨਾਲ  ਪ੍ਰਕਟ ਕੀਤਾ ਹੈ ਅਸੀਂ ਆਪਣੀਆਂ ਜਾਨਾ ਵਾਂਗ ਆਪਦੀ ਰੱਖਿਆ ਕਰਾਂਗੇ ਅਸੀਂ ਲੋਕ ਤਲਵਾਰ ਦੀ ਪਰਛਾਈਂ ਹੇਠ ਪਲੇ ਹਾਂ । ਪਰ ਅਜੇ ਉਹ ਗੱਲ ਖ਼ਤਮ ਨਹੀਂ ਕਰ ਸਕੇ ਸਨ ਕਿ ਅਬੁਲ ਹੇਸ਼ਮ ਬਿਬਨ ਤੇਹਾਨ ਨੇ ਉਹਨਾ ਦੀ ਗੱਲ ਕਟੱਕੇ ਕਿਹਾ ਕਿ ਹੇ ਰਸੂਲੁਲੱਾਹ ਯਸਰਬ ਦੇ ਯਹੂਦੀਆਂ ਨਾਲ ਸਾਡੇ ਪੁਰਾਣੇ ਸੰਬੰਧ ਹਨ । ਆਪ ਦਾ ਸਾਥ ਦੇਣ ਨਾਲ ਉਹ ਕੱਟ ਜਾਣਗੇ । ਅਜਿਹਾ ਨ ਹੋਵੇ ਕਿ ਜੱਦ ਰੱਬ ਆਪਨੂੰ ਗ਼ਲਬਾ ਦੇ ਦੇਵੇ ਤਾਂ ਆਪ ਸਾਨੂੰ ਛਡੱਕੇ ਆਪਣੇ ਵਤਨ ਵਾਪਸ ਚਲੇ ਆਉਣ ਅਤੇ ਇਉਂ ਅਸੀਂ ਨ ਇਧੱਰ ਦੇ ਰਹੇ ਨ ਉਧੱਰ ਦੇ ਰਹੇ । ਆਪ ਸਲਲੱਾਹੁ ਅਲੈਹਿ ਵਸਲਮ ਹੱਸ ਪਏ ਅਤੇ ਆਪ ਨੇ ਹਸੱਕੇ ਫ਼ਰਮਾਇਆ ਨਹੀਂ ਨਹੀਂ ਅਜਿਹਾ ਉਕੱਾ ਹੀ ਨਹੀਂ ਹੋਵੇਗਾ । ਤੁਹਾਡਾ ਖ਼ੂਨ ਮੇਰਾ ਖ਼ੂਨ ਹੋਵੇਗਾ । ਤੁਹਾਡੇ ਮਿੱਤਰ ਮੇਰੇ ਮਿਤੱਰ ਹੋਣਗੇ, ਤੁਹਾਡੇ ਦੁਸ਼ਮਣ ਮੇਰੇ ਦੁਸ਼ਮਣ ਹੋਣਗੇ । ਇਸ'ਤੇ ਅਬੱਾਸ ਬਿਨ ਇਬਾਦਹ ਅੰਸਾਰੀ ਨੇ ਆਪਣੇ ਸਾਥੀਆਂ ਉਪੱਰ ਨਜ਼ਰ ਮਾਰਕੇ ਕਿਹਾ, ਲੋਕੋਂ ਤੁਸੀਂ ਸਮਝਦੇ ਹੋ ਕਿ ਇਸ ਅਹਿਦ ਤੇ ਪ੍ਰਣ ਦੇ ਕੀ ਅਰਥ ਹਨ ? ਇਸ ਦਾ ਅਰਥ ਇਹ ਹੈ ਕਿ ਹੁਣ ਤੁਹਾਨੂੰ

ਹਰ ਦੁੱਖ ਸੁੱਖ ਦੇ ਮੁਕਾਬਲੇ ਲਈ ਤਿਆਰ ਹੋਣਾ ਚਾਹੀਦਾ ਹੈ । ਲੋਕਾਂ ਨੇ ਕਿਹਾ ਹਾਂ ਅਸੀਂ ਜਾਣਦੇ ਹਾਂ, ਪਰ ਹੇ, ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਇਸ ਦੇ ਬਦਲੇ ਵਿੱਚ ਸਾਨੂੰ ਕੀ ਮਿਲੇਗਾ ? ਆਪ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਤੁਹਾਨੂੰ ਰੱਬ ਦਾ ਸਵਰਗ ਮਿਲੇਗਾ ਜੋ ਇਸ ਸਾਰਿਆਂ ਪੁਰੁਸਕਾਰਾਂ ਤੋਂ ਮਹਾਨ ਪੁਰੁਸਕਾਰ ਹੈ । ਸਾਰਿਆਂ ਨੇ ਕਿਹਾ ਸਾਨੂੰ ਇਹ ਸੌਦਾ ਮਨਜ਼ੂਰ ਹੈ । ਹੇ, ਰਸੂਲੁਲੱਾਹ ਆਪਣਾ ਹੱਥ ਅੱਗੇ ਕਰਨ । ਆਪਨੇ ਆਪਣਾ ਹੱਥ ਅੱਗੇ ਵਧਾ ਦਿਤੱਾ ਅਤੇ ਇਹ ਸਤੱਰ ਜਾਂਨਿਸਾਰਾਂ ਦੀ ਜਮਾਤ ਇਕ ਸਵੈਰੱਖਿਅਕ ਪ੍ਰਣ ਹੇਠ ਆਪਦੇ ਹੱਥ'ਤੇ ਵਿੱਕ ਗਈ । ਇਸ ਬੈਅਤ ਦਾ ਨਾਂ ਬੈਅਤ ਉਕਬਾ ਸਾਨੀਆ ਹੈ ।

ਜੱਦ ਇਹ ਬੈਅਤ ਹੋ ਚੁਕੀ ਤਾਂ ਆਪਨੇ ਉਹਨਾ ਨੂੰ ਫ਼ਰਮਾਇਆ ਕਿ ਮੂਸਾ ਦੇ ਆਪਣੀ ਕੌਮ ਵਿਚੋਂ ਬਾਰ੍ਹਾਂ ਨਕੀਬ ਚੁਣੇ ਸਨ ਜੋ ਮੂਸਾ ਵੱਲੋਂ ਉਹਨਾ ਦੇ ਨਿਗਰਾਨ ਤੇ ਸੁਰੱਖਿਅਕ ਸਨ । ਮੈਂ ਵੀ ਤੁਹਾਡੇ ਵਿੱਚੋਂ ਬਾਰ੍ਹਾਂ ਨਕੀਬ ਨਿਯੁਕਤ ਕਰਨਾ ਚਾਹੁੰਦਾ ਹਾਂ ਜੋ ਤੁਹਾਡੇ ਨਿਗਰਾਨ ਅਤੇ ਸੁਰੱਖਿਅਕ ਹੋਣਗੇ ਅਤੇ ਉਹ ਮੇਰੇ ਲਈ ਈਸਾ ਦੇ ਹਵਾਰੀਆਂ ਵਾਂਗ ਹੋਣਗੇ । ਅਤੇ ਮੇਰੇ ਸਾਹਮਣੇ ਆਪਣੀ ਕੌਮ ਬਾਰੇ ਉੱਤਰਦਾਈ ਹੋਣਗੇ । ਸੋ ਤੁਸੀਂ ਉਚਿਤ ਲੋਕਾਂ ਦੇ ਨਾਂ ਚੁਣਕੇ ਮੇਰੇ ਸਰਾਹਣੇ ਪੇਸ਼ ਕਰੋ । ਸੋ ਬਾਰ੍ਹਾਂ ਵਿਅਕਤੀ ਚੁਣੇ ਗਏ ਜਿੰਨ੍ਹਾ ਨੂੰ ਆਪਨੇ ਮਨਜ਼ੂਰ ਕੀਤਾ ਅਤੇ ਉਹਨਾਂ ਨੂੰ ਇਕ ਕਬੀਲੇ ਦਾ ਨਿਗਰਾਨ ਬਣਾਕੇ ਉਹਨਾ ਦੇ ਕਰਤਵ ਉਹਨਾ ਨੂੰ ਸਮਝਾ ਦਿੱਤੇ ਅਤੇ ਕਈ ਕਬੀਲਿਆਂ ਲਈ ਆਪਨੇ ਦੋ ਦੋ ਨਕੀਬ ਨਿਯੁਕਤ ਕੀਤੇ । ਜੱਦ ਨਕੀਬਾ ਦੀ ਨਿਯੁਕਤੀ ਹੋ ਗਈ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਚਾਚਾ ਅਬੱਾਸ ਬਿਨ ਅਬਦੁਲ ਮੁਤਲਿਬ ਨੇ ਅੰਸਾਰ ਨੂੰ ਪੱਕਿਆਂ ਕੀਤਾ ਕਿ ਉਹਨਾ ਨੂੰ ਬਹੁਤ ਹੁੱਸ਼ਿਆਰੀ ਤੇ ਸਤਰਕਤਾ ਨਾਲ ਕੰਮ ਲੈਣਾ ਚਾਹੀਦਾ ਹੈ ਕਿਉਂਕਿ ਕੁਰੈਸ਼ ਦੇ ਜਾਸੂਸ ਹਰ ਪਾਸੇ ਨਜ਼ਰ ਲਗਾਏ ਬੈਠੇ ਹਨ ਅਜਿਹਾ ਨ ਹੋਵੇ ਕਿ ਇਸ ਕਥਨ ਤੇ ਪ੍ਰਣ ਦੀ ਖ਼ਬਰ ਨਿਕਲ ਜਾਏ ਅਤੇ ਔਕੁੜਾਂ ਪੈਦਾ ਹੋ ਜਾਣ । ਹਜ਼ੂਰ ਅਨਵਰ ਨੇ ਫ਼ਰਮਾਇਆ ਹਜ਼ਰਤ ਸਅਦ ਬਿਨ ਇਬਾਦਹ ਬਾਰੇ ਕੁਝ ਹੋਰ ਗਲੱਾਂ ਵੀ ਹਨ ਜੋ ਭਵਿੱਖ ਵਿੱਚ ਖ਼ੁਤਬੇ ਵਿੱਚ ਵਰਨਣ ਹੋਣਗੀਆਂ ।

★★★★★

**Khulasa Khutba Jumma 20.12.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131